# ਘਰ ਅਤੇ ਕਮਿਊਨਿਟੀ ਅਧਾਰਤ ਸੇਵਾਂਵਾਂ (HCBS) ਅੰਤਿਮ ਨਿਯਮ

Department of Developmental Services

## ਖਪਤਕਾਰਾਂ ਅਤੇ ਪਰਿਵਾਰਾਂ ਲਈ:

ਲੈਨਟਰਮੈਨ ਐਕਟ ਦੇ ਕਾਰਨ ਬੌਧਿਕ ਅਤੇ ਵਿਕਾਸ ਸਬੰਧੀ ਅਸਮਰਥਤਾਵਾਂ ਵਾਲੇ ਲੋਕਾਂ ਨੂੰ ਬਹੁਤ ਸਾਰੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਬਹੁਤ ਸਾਰੀਆਂ ਸੇਵਾਵਾਂ ਜੋ ਲੋਕ ਪ੍ਰਾਪਤ ਕਰਦੇ ਹਨ ਉਨ੍ਹਾਂ ਲਈ ਪੈਸਾ ਰਾਜ ਅਤੇ ਸੰਘ ਵੱਲੋਂ ਫੈਡਰਲ ਕੇਂਦਰਾਂ ਤੋਂ ਮੈਡੀਕੇਅਰ ਅਤੇ ਮੈਡੀਕੇਡ ਸੇਵਾਵਾਂ (CMS) ਲਈ ਦਿੱਤਾ ਜਾਂਦਾ ਹੈ। ਇਸ ਲਈ, ਕੈਲੀਫੋਰਨੀਆ ਨੂੰ ਘਰ ਅਤੇ ਕਮਿਊਨਿਟੀ ਅਧਾਰਤ ਸੇਵਾਵਾਂ (HCBS) ਅੰਤਿਮ ਨਿਯਮ ਕਹੇ ਜਾਣ ਵਾਲੇ ਮੁਤਾਬਕ ਪਾਲਨਾ ਕਰਨੀ ਹੋਵੇਗੀ। ਇਹ ਨਿਯਮ HCBS ਸੈਟਿੰਗਾਂ ਲਈ ਸ਼ਰਤਾਂ ਨਿਰਧਾਰਤ ਕਰਦਾ ਹੈ, ਜੋ ਕਿ ਉਹ ਸਥਾਨ ਹਨ ਜਿੱਥੇ ਲੋਕ ਰਹਿੰਦੇ ਹਨ ਜਾਂ ਸੇਵਾਵਾਂ ਪ੍ਰਾਪਤ ਕਰਦੇ ਹਨ। ਹਰ ਰਾਜ ਕੋਲ HCBS ਅੰਤਿਮ ਨਿਯਮ ਦੀ ਪਾਲਨਾ ਕਰਨ ਵਿੱਚ ਪ੍ਰਦਾਤਾਵਾਂ ਦੀ ਮਦਦ ਕਰਨ ਲਈ 2022 ਤੱਕ ਦਾ ਸਮਾਂ ਹੈ।

### HCBS ਅੰਤਿਮ ਨਿਯਮ ਇਹਨਾਂ ਤੇ ਲਾਗੂ ਹੁੰਦਾ ਹੈ:

- ਰਿਹਾਇਸ਼ੀ ਅਤੇ ਗੈਰ-ਰਿਹਾਇਸ਼ੀ ਇਲਾਕਿਆਂ; ਜਿਨ੍ਹਾਂ ਵਿੱਚ ਪ੍ਰਮਾਣਿਤ ਅਤੇ ਲਾਈਸੰਸੀ ਘਰ ਸ਼ਾਮਲ ਹਨ
- ਦਿਨ ਸਮੇਂ ਦੇ ਪ੍ਰੋਗਰਾਮ, ਅਤੇ ਹੋਰ ਦਿਨ ਸਮੇਂ ਕਿਸਮ ਦੀਆਂ ਸੇਵਾਂਵਾਂ
- ਰੁਜ਼ਗਾਰ ਵਿਕਲਪ ਅਤੇ ਕੰਮ ਸਬੰਧੀ ਪ੍ਰੋਗਰਾਮ

### HCBS ਅੰਤਿਮ ਨਿਯਮ ਇਹਨਾਂ ਤੇ ਲਾਗੂ ਨਹੀਂ ਹੁੰਦਾ ਹੈ:

- ਨਰਸਿੰਗ ਹੋਮ
- ਹਸਪਤਾਲ
- ਬੌਧਿਕ ਅਸਮਰਥਤਾ (ICF/IID) ਵਾਲੇ ਵਿਅਕਤੀਆਂ ਲਈ ਇੰਟਰਮੀਡੀਏਟ ਦੇਖਭਾਲ ਸਹੂਲਤ
- ਮਾਨਸਿਕ ਬਿਮਾਰੀਆਂ ਲਈ ਸੰਸਥਾਵਾਂ (IMD)

### HCBS ਅੰਤਿਮ ਨਿਯਮ ਦਾ ਟੀਚਾ ਕੀ ਹੈ?

ਇਹਨਾਂ ਵੱਲੋਂ ਪ੍ਰਦਾਨ ਕੀਤੀ ਜਾਂਦੀ ਸੇਵਾਂਵਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ:

- ਵਿਅਕਤੀਆਂ ਲਈ ਮੌਕੇ ਅਤੇ ਵਿਕਲਪ ਵਧਾਉਣਾ
- ਸਾਰੇ ਵਿਅਕਤੀਆਂ ਦੀ ਕਮਿਊਨਿਟੀ ਤੱਕ ਪੂਰੀ ਪਹੁੰਚ ਯਕੀਨੀ ਕਰਕੇ ਕਮਿਊਨਿਟੀ ਏਕੀਕਰਣ ਨੂੰ ਵਧਾਵਾ ਦੇਣਾ
- ਇਹ ਯਕੀਨੀ ਬਣਾਉਣਾ ਕਿ ਵਿਅਕਤੀਆਂ ਕੋਲ ਆਪਣੀ ਕਮਿਊਨਿਟੀ ਵਿੱਚ ਅਜਿਹੇ ਲੋਕਾਂ ਨਾਲ ਕੰਮ ਕਰਨ ਅਤੇ ਸਮਾਂ ਬਿਤਾਉਣਾ ਦਾ ਮੌਕਾ ਮਿਲੇ, ਜੋ ਅਸਮਰਥ ਨਹੀਂ ਹਨ
- ਇਹ ਯਕੀਨੀ ਬਨਾਉਣਾ ਕਿ ਵਿਅਕਤੀਗਤ ਤਰਜੀਹਾਂ ਨੂੰ ਸਹਿਯੋਗ ਮਿਲੇ ਅਤੇ ਅਧਿਕਾਰ ਸੁਰੱਖਿਅਤ ਰਹਿਣ
- ਵਿਅਕਤੀ-ਕੇਂਦਰਤ ਸੇਵਾ ਯੋਜਨਾ ਦੀਆਂ ਜ਼ਰੂਰਤਾਂ ਸਥਾਪਿਤ ਕਰਨਾ, ਜਿਸ ਵਿੱਚ ਅਜਿਹੀ ਪ੍ਰਕਿਰਿਆ ਸ਼ਾਮਲ ਹੁੰਦੀ ਹੈ ਜੋ ਵਿਅਕਤੀ ਦੁਆਰਾ ਲੋੜੀਂਦੀਆਂ ਸੇਵਾਵਾਂ ਅਤੇ ਸਹਾਇਤਾ ਦੀ ਪਛਾਣ ਕਰਨ ਲਈ ਚਲਾਈਆਂ ਅਤੇ ਨਿਰਦੇਸ਼ਤ ਹੁੰਦੀਆਂ ਹਨ

### ਸਾਰੇ ਇਲਾਕੇ

ਅੰਤਿਮ ਨਿਯਮ ਮੁਤਾਬਕ ਤੁਸੀਂ ਇਹ ਕਰ ਸਕਦੇ ਹੋ:

- ਆਪਣੀ ਕਮਿਊਨਿਟੀ ਵਿੱਚ ਸਮਾਂ ਬਿਤਾਉਣਾ, ਅਤੇ ਇਸ ਦਾ ਹਿੱਸਾ ਬਣਨਾ
- ਸਮਰੱਥ ਲੋਕਾਂ ਨਾਲ ਮਿਲਕੇ ਕੰਮ ਕਰਨਾ
- ਸੇਵਾਵਾਂ ਅਤੇ ਸਹਾਇਤਾ ਅਤੇ ਇਹ ਕੌਣ ਪ੍ਰਦਾਨ ਕਰੇਗਾ ਸਬੰਧੀ ਚੋਣ ਕਰਨਾ
- ਆਪਣੇ ਸ਼ਿਡਿਊਲ ਅਤੇ ਗਤੀਵਿਧੀਆਂ ਤੇ ਨਿਯੰਤਰਨ ਹੋਣਾ

### ਰਿਹਾਇਸ਼ੀ ਇਲਾਕੇ

#### ਪ੍ਰਦਾਤਾ ਦੀ ਮਲਿਕੀ ਵਾਲੇ ਜਾਂ ਨਿਯੰਤਰਤ

ਸਾਰੇ ਇਲਾਕਿਆਂ ਲਈ ਲਾਗੂ ਸ਼ਰਤਾਂ ਤੋਂ ਇਲਾਵਾ, ਅੰਤਿਮ ਨਿਯਮ ਮੁਤਾਬਕ ਤੁਹਾਡੇ ਕੋਲ ਇਹ ਹੁੰਦਾ ਹੈ:

- ਆਪਣੇ ਕਮਰੇ ਦੇ ਸਾਥੀ ਚੁਣਨਾ
- ਆਪਣੇ ਕਮਰੇ ਦੇ ਦਰਵਾਜ਼ੇ ਤੇ ਤਾਲਾ ਲਗਾਉਣ ਸਮੇਤ ਨਿੱਜਤਾ
- ਆਪਣੇ ਸ਼ਿਡਿਊਲ ਅਤੇ ਗਤੀਵਿਧੀਆਂ ਤੇ ਨਿਯੰਤਰਨ
- ਕਿਸੇ ਵੀ ਸਮੇਂ ਆਪਣੀ ਪਸੰਦ ਦੇ ਮਹਿਮਾਨ ਚੁਣਨ ਦੀ ਯੋਗਤਾ
- ਆਪਣੇ ਕਮਰੇ ਨੂੰ ਤਿਆਰ ਕਰਨ ਅਤੇ ਸਜਾਉਣ ਦੀ ਸੁਤੰਤਰਤਾ
- ਤੁਹਾਨੂੰ ਬੇਦਖ਼ਲੀ ਤੋਂ ਬਚਾਉਣ ਲਈ ਪਟਾ ਜਾਂ ਹੋਰ ਕਾਨੂੰਨੀ ਸਮਝੌਤਾ

# ਘਰ ਅਤੇ ਕਮਿਊਨਿਟੀ ਅਧਾਰਤ ਸੇਵਾਂਵਾਂ (HCBS) ਅੰਤਿਮ ਨਿਯਮ

Department of Developmental Services

## ਪ੍ਰਦਾਤਾਵਾਂ ਲਈ:

### ਇੱਕ ਪ੍ਰਦਾਤਾ ਬਦਲਣ ਤੇ ਤੁਹਾਡੀ ਸੇਵਾ ਕਿਹੋ ਜਿਹੀ ਹੋਵੇਗੀ?

ਜੇਕਰ ਤੁਸੀਂ ਅਜਿਹੇ ਸੇਵਾ ਪ੍ਰਦਾਤਾ ਹੋ ਜੋ ਇੱਕੋ ਥਾਂ ਤੇ ਕਈ ਉਪਭੋਗਤਾਵਾਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ, ਤਾਂ ਸਾਨੂੰ ਇਹ ਯਕੀਨੀ ਬਣਾਉਣਾ ਪੈਂਦਾ ਹੈ ਕਿ ਇਹ ਸੇਵਾਵਾਂ ਕਮਿਊਨਿਟੀ ਦੇ ਲੋਕਾਂ ਨੂੰ ਅਲਗ ਨਾ ਕਰਨ। ਅੰਤਿਮ ਨਿਯਮ ਕਹਿੰਦਾ ਹੈ ਕਿ ਇਲਾਕਿਆਂ ਨੂੰ ਇਕਸਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਕਮਿਊਨਿਟੀ ਤੱਕ ਪੂਰੀ ਪਹੁੰਚ ਦਾ ਸਮਰਥਨ ਕਰਨਾ ਚਾਹੀਦਾ ਹੈ। ਇੱਕ ਪ੍ਰਦਾਤਾ ਹੋਣ ਦੇ ਨਾਤੇ, ਤੁਹਾਨੂੰ HCBS ਅੰਤਿਮ ਨਿਯਮ ਨੂੰ ਪੂਰਾ ਕਰਨ ਲਈ ਕਿੱਥੇ ਅਤੇ ਕਿਵੇਂ ਤੁਹਾਡੀ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ ਇਸ ਨੂੰ ਬਦਲਣ ਦੀ ਲੋੜ ਪੈ ਸਕਦੀ ਹੈ। ਨੀਤੀਆਂ ਅਤੇ ਪ੍ਰੋਗਰਾਮ ਡਿਜ਼ਾਈਨ ਬਦਲਣ ਦੀ ਲੋੜ ਪੈ ਸਕਦੀ ਹੈ ਅਤੇ ਆਪਣੇ ਸਟਾਫ ਨੂੰ ਸਿਖਲਾਈ ਦੇਣ ਦੀ ਲੋੜ ਪੈ ਸਕਦੀ ਹੈ ਤਾਂ ਜੋ ਉਹ ਨਵੀਆਂ ਉਮੀਦਾਂ ਨੂੰ ਪੂਰੀ ਤਰ੍ਹਾਂ ਸਮਝ ਸਕਣ।

### ਪ੍ਰਦਾਤਾ ਦੇ ਇਲਾਕਿਆਂ ਦਾ ਮੁਲਾਂਕਣ ਕਰਨਾ

ਸਾਰੇ ਪ੍ਰਦਾਤਾਵਾਂ ਲਈ ਛੇਤੀ ਹੀ ਇੱਕ ਸਵੈ-ਮੁਲਾਂਕਣ ਸਰਵੇਖਣ ਪੂਰਾ ਕਰਨਾ ਜਰੂਰੀ ਹੋਵੇਗਾ ਜੋ ਇਹ ਪਤਾ ਲਗਾਉਣ ਵਿੱਚ ਸਹਾਇਤਾ ਕਰੇਗਾ ਕਿ ਇੱਕ ਇਲਾਕਾ HCBS ਅੰਤਿਮ ਨਿਯਮ ਦੀ ਪਾਲਣਾ ਕਰਦਾ ਹੈ ਜਾਂ ਨਹੀਂ ਜਾਂ ਸੋਧਾਂ ਦੀ ਲੋੜ ਹੈ। ਅਜਿਹੀਆਂ ਇਲਾਕਿਆਂ ਜਿਨ੍ਹਾਂ ਲਈ ਬਦਲਾਅ ਦੀ ਲੋੜ ਹੈ, ਉਨ੍ਹਾਂ ਲਈ ਤਬਦੀਲੀ ਯੋਜਨਾਵਾਂ ਵਿਕਸਤ ਕਰਨ ਦਾ ਸਮਾਂ ਹੋਵੇਗਾ। ਸਵੈ-ਮੁਲਾਂਕਣ ਪ੍ਰਕਿਰਿਆ ਅਤੇ ਉਮੀਦਾਂ ਸਬੰਧੀ ਸਿਖਲਾਈ ਦਿੱਤੀ ਜਾਵੇਗੀ, ਅਤੇ DDS ਵੈਬਪੇਜ ਤੇ ਵਾਧੂ ਜਾਣਕਾਰੀ ਪੋਸਟ ਕੀਤੀ ਜਾਵੇਗੀ।

### ਮੈਨੂੰ ਵਧੇਰੀ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਸਵਾਲ ਪੁੱਛਣ, ਟਿੱਪਣੀ ਕਰਨ, ਜਾਂ HCBS ਅੰਤਿਮ ਨਿਯਮ ਬਾਰੇ ਹੋਰ ਜਾਣਕਾਰੀ ਲੈਣ ਲਈ, HCBSregs@dds.ca.gov ਤੇ ਈਮੇਲ ਕਰੋ।

HCBS ਅੰਤਿਮ ਨਿਯਮ ਬਾਰੇ ਅਤੇ ਕੈਲੀਫੋਰਨੀਆ ਰਾਜ ਦੀ ਬਦਲਾਅ ਯੋਜਨਾ ਸਬੰਧੀ ਹੋਰ ਵਿਸਥਾਰ ਵਿੱਚ ਜਾਣਕਾਰੀ ਲੈਣ ਲਈ, ਕਿਰਪਾ ਕਰਕੇ ਇਹਨਾਂ ਤੇ ਜਾਓ

http://www.dds.ca.gov/HCBS/

http://www.dhcs.ca.gov/services/ltc/Pages/HCBSStatewideTransitionPlan.aspx

https://www.medicaid.gov/medicaid/hcbs/index.html

### CMS' HCBS ਅੰਤਿਮ ਨਿਯਮ ਦੀਆਂ ਸ਼ਰਤਾਂ

ਇਲਾਕੇ:

1. ਇਸ ਵਿੱਚ ਸ਼ਾਮਲ ਹਨ, ਅਤੇ ਮੈਡੀਕੇਡ HCBS ਪ੍ਰਾਪਤ ਕਰਨ ਵਾਲੇ ਵਿਅਕਤੀਆਂ ਨੂੰ ਪੂਰੀ ਪਹੁੰਚ ਦੇਣ ਵਿੱਚ ਸਹਿਯੋਗ ਦਿੰਦੇ ਹਨ ਅਤੇ ਜਿਆਦਾ ਕਮਿਊਨਿਟੀ ਤੱਕ ਪਹੁੰਚ ਦੇਣ ਦੇ ਬਰਾਬਰ ਤੱਕ ਉਨ੍ਹਾਂ ਲੋਕਾਂ ਦੀ ਸਹਾਇਤਾ ਕਰਦੇ ਹਨ ਜੋ ਮੈਡੀਕੇਡ HCBS ਪ੍ਰਾਪਤ ਨਹੀਂ ਕਰਦੇ ਹਨ।

2. ਵਿਅਕਤੀਆਂ ਦੁਆਰਾ ਗੈਰ-ਸਮਰੱਥਤਾ ਵਾਲੇ ਵਿਸ਼ੇਸ਼ ਇਲਾਕਿਆਂ ਅਤੇ ਰਿਹਾਇਸ਼ੀ ਇਲਾਕੇ ਵਿੱਚ ਇੱਕ ਨਿੱਜੀ ਯੂਨਿਟ ਲਈ ਚੋਣ ਸਮੇਤ ਵਿਕਲਪਾਂ ਵਿੱਚੋਂ ਚੁਣਦਾ ਹੈ।

3. ਇੱਕ ਵਿਅਕਤੀ ਦੀ ਨਿੱਜਤਾ, ਮਾਣ ਅਤੇ ਸਤਿਕਾਰ ਦੇ ਨਾਲ ਨਾਲ ਜ਼ਬਰਦਸਤੀ ਅਤੇ ਸੰਜਮ ਤੋਂ ਆਜ਼ਾਦੀ ਸਬੰਧੀ ਹੱਕ ਯਕੀਨੀ ਕਰਦਾ ਹੈ।

4. ਰੋਜ਼ਾਨਾ ਦੀਆਂ ਗਤੀਵਿਧੀਆਂ, ਭੌਤਿਕ ਮਾਹੌਲ, ਅਤੇ ਕਿਸ ਨਾਲ ਸੰਪਰਕ ਕੀਤਾ ਜਾਵੇ ਇਹਨਾਂ ਤੱਕ ਹੀ ਸੀਮਤ ਨਾ ਹੋਕੇ ਜੀਵਨ ਦੀ ਚੋਣ ਕਰਨ ਵਿੱਚ ਰੈਜੀਮੈਂਟ, ਵਿਅਕਤੀਗਤ ਪਹਿਲ, ਖੁਦਮੁਖਤਿਆਰੀ, ਅਤੇ ਅਜਾਦੀ ਨੂੰ ਅਨੁਕੂਲ ਬਣਾਉਂਦਾ ਹੈ।

5. ਸੇਵਾਵਾਂ ਅਤੇ ਸਹਾਇਤਾ ਅਤੇ ਇਹ ਕੌਣ ਪ੍ਰਦਾਨ ਕਰੇਗਾ ਸਬੰਧੀ ਵਿਅਕਤੀਗਤ ਚੋਣ ਦੀ ਸੁਵਿਧਾ ਦਿੰਦੇ ਹਨ।

ਪ੍ਰਦਾਤਾ ਦੀ ਮਾਲਕੀ ਜਾਂ ਨਿਯੰਤਰਨ ਵਾਲੇ ਰਿਹਾਇਸ਼ੀ ਇਲਾਕੇ:

6. ਯੂਨਿਟ ਜਾਂ ਨਿਵਾਸ ਇੱਕ ਵਿਸ਼ੇਸ਼ ਭੌਤਿਕ ਸਥਾਨ ਹੁੰਦਾ ਹੈ ਜੋ ਕਿਸੇ ਸੇਵਾਂਵਾਂ ਪ੍ਰਾਪਤ ਕਰਨ ਵਾਲੇ ਵਿਅਕਤੀ ਦੁਆਰਾ ਕਾਨੂੰਨੀ ਤੌਰ ਤੇ ਲਾਗੂ ਹੋਣ ਯੋਗ ਸਮਝੌਤੇ ਦੇ ਤਹਿਤ ਮਾਲਕੀ ਵਾਲਾ, ਕਿਰਾਏ ਤੇ ਜਾਂ ਉਸ ਉੱਤੇ ਕਾਬਜ਼ ਹੋਇਆ ਜਾ ਸਕਦਾ ਹੈ।

7. ਹਰੇਕ ਵਿਅਕਤੀ ਦੀ ਨੀਂਦ ਜਾਂ ਰਹਿਣ ਵਾਲੇ ਯੂਨਿਟ ਵਿੱਚ ਆਪਣੀ ਨਿੱਜਤਾ ਹੁੰਦੀ ਹੈ; ਜਿਸ ਵਿੱਚ ਵਿਅਕਤੀ ਦੁਆਰਾ ਦਰਵਾਜ਼ੇ ਲਾਕ ਕਰਨਾ ਵੀ ਸ਼ਾਮਲ ਹੈ, ਜੇਕਰ ਕਮਰਾ ਸਾਂਝਾ ਕੀਤਾ ਜਾਂਦਾ ਹੈ, ਤਾਂ ਕਮਰੇ ਦਾ ਸਾਥੀ ਚੁਣਨ, ਪਟੇ ਜਾਂ ਹੋਰ ਇਕਰਾਰਨਾਮੇ ਦੇ ਅੰਦਰ ਅੰਦਰ ਸੌਣ ਵਾਲੇ ਜਾਂ ਲਿਵਿੰਗ ਯੂਨਿਟਾਂ ਨੂੰ ਤਿਆਰ ਕਰਨ ਅਤੇ ਸਜਾਉਣ ਦੀ ਸੁਤੰਤਰਤਾ ਹੁੰਦੀ ਹੈ।

8. ਵਿਅਕਤੀਆਂ ਕੋਲ ਆਪਣੀ ਸਮਾਂ-ਸਾਰਣੀਆਂ ਅਤੇ ਗਤੀਵਿਧੀਆਂ ਨੂੰ ਨਿਯੰਤਰਤ ਕਰਨ ਦੀ ਸੁਤੰਤਰਤਾ ਅਤੇ ਸਹਿਯੋਗ ਹੁੰਦਾ ਹੈ ਅਤੇ ਕਿਸੇ ਵੀ ਸਮੇਂ ਭੋਜਨ ਤੱਕ ਪਹੁੰਚ ਹੁੰਦੀ ਹੈ।

9. ਵਿਅਕਤੀ ਕਿਸੇ ਵੀ ਸਮੇਂ ਤੇ ਆਪਣੇ ਪਸੰਦ ਦੇ ਮਹਿਮਾਨ ਚੁਣ ਸਕਦੇ ਹਨ।

10. ਇਹ ਇਲਾਕਾ ਵਿਅਕਤੀ ਲਈ ਭੌਤਿਕ ਰੂਪ ਵਿੱਚ ਪਹੁੰਚਯੋਗ ਹੈ।